ਪੈਂਤੀਸ ਅਖਰੀ ਦਾ ਪਾਠ

ਪੈਤੀਸ ਅਖਰੀ ਦਾ ਪਾਠ

ੴ ਸਤਿਗੁਰ ਪ੍ਰਸਾਦਿ॥

ਰਾਗ ਰਾਮਕਲੀ ਮ:੧੦॥

ਓ ਆ ਈ ਸਾ ਹਾ

ਓਅੰਕਾਰ ਸਰਬ ਪ੍ਰਕਾਸ਼ੀ॥
ਆਤਮ ਸ਼ੁਧ ਅਕਰੈ ਅਬਿਨਾਸੀ॥
ਈਸ ਜੀਵ ਮੈ ਭੇਦ ਨ ਜਾਨੋ॥
ਸਾਧ ਚੋਰ ਸਭ ਬ੍ਰਹਮ ਪਛਾਨੋ॥
ਹਸਤੀ ਚੀਟੀ ਤ੍ਰਿਯ ਲੌ ਆਦੰ॥
ਏਕ ਅਖੰਡਤ ਬਸੈ ਅਨਾਦੰ॥

ਕਾ ਖਾ ਗਾ ਘਾ ਙਾ

ਕਾਰਨ ਕਰਨ ਅਕਰਤਾ ਕਹੀਐ॥
ਭਾਨ ਪ੍ਰਕਾਸ਼ ਜਗਤ ਸਿਉ ਲਈਐ॥
ਖਾਨ ਪਾਨ ਕਿਛੁ ਰੂਪ ਨ ਰੇਖੰ॥
ਨਿਰਬਿਕਾਰ ਅਦਵੈਤ ਅਲੇਖੰ॥
ਗਾਤ ਗ੍ਰਾਮ ਸਭ ਦੇਸ਼ ਦਿਸੰਤਰ॥
ਸਤ ਕਰਤਾਰ ਸਰਬ ਕੇ ਅੰਤਰ॥
ਘਨ ਕੀ ਨਿਆਈਂ ਸਦਾ ਅਖੰਡਤ॥
ਙਿਆਨ ਬੋਧ ਪਰਮਾਤਮ ਪੰਡਤ॥

ਚਾ ਛਾ ਜਾ ਝਾ ਞਾ

ਚਾਪ ਗਯਾਨ ਕਰ ਜਾਹਿ ਬਿਰਾਜੈ॥
ਛਾਯਾ ਦਵੈਤ ਸਗਲ ਉਠ ਭਾਜੈ॥
ਜਾਗਤ ਭੂਪਨ ਬਖੋਪਤ ਤ੍ਰੁਰੀਆ॥
ਆਤਮ ਭੂਖਤ ਕੀ ਏਹ ਪੁਰੀਆ ॥
ਝੁਨਤਕਾਰ ਅਨਹਦ ਘਨ ਘੋਰੰ॥
ਤ੍ਰਿਕੁਟੀ ਭੀਤਰ ਅਤਿ ਛਬ ਜੋਰੰ॥
ਞਾਣਤ ਜੋਗੀ ਇਹ ਰਸ ਬਾਤਾ॥
ਸੋਹੰ ਸਬਦ ਅਮੀ ਰਸ ਮਾਤਾ॥

ਟਾ ਠਾ ਡਾ ਢਾ ਣਾ

ਟਾਰਨ ਭਰਮਣ ਅਘਨ ਕੀ ਸੈਨਾ॥
ਸਤਿਗੁਰ ਮੁਕਤਿ ਪਦਾਰਥ ਦੈਨਾ॥
ਠਾਕਤ ਦੁਬਿਧਾ ਨਿਰਮਲ ਕਰਣੰ॥
ਡਾਰ ਸੁਧਾ ਮੁਖ ਅਪਦਾ ਹਰਣੰ॥
ਢਾਖਤ ਦਵੈਤ ਅੰਧੇਰੀ ਮਨ ਕੀ॥
ਣਾ ਸਤਿਗੁਰ ਭ੍ਰਮਤਾ ਸਭ ਤਨ ਕੀ॥

ਤਾ ਥਾ ਦਾ ਧਾ ਨਾ

ਤਾਰਨ ਗੁਰੂ ਥਿਰਾ ਨਹਿ ਕੋਈ॥
ਸ੍ਰੁਤਿ ਸਿੰਮ੍ਰਿਤ ਮਥ ਬਾਤ ਪਰੋਈ॥
ਥਾਨ ਅਦਵੈਤ ਤਬੀ ਜਾਇ ਪਰਸੈ॥
ਮਨ ਬਚ ਕਰਮ ਗੁਰੂ ਪਗ ਦਰਸੈ॥
ਦਾਰਿਦ ਰੋਗ ਮਿਟੈ ਸਭਿ ਤਨ ਕਾ॥
ਗੁਰ ਕਰੁਣਾ ਕਰ ਹੋਵੈ ਮੁਕਤਾ॥
ਧੰਨ ਗੁਰਦੇਵ ਮੁਕਤ ਕੇ ਦਾਤੇ॥
ਨਾਨਾ ਨੇਤ ਬੇਦ ਜਸ ਗਾਤੇ॥

ਪਾ ਫਾ ਬਾ ਭਾ ਮਾ

ਪਾਰਬ੍ਰਹਮ ਸਭਿ ਮਾਹਿ ਸਮਾਨਾ॥
ਸਾਂਝਿ ਕੀਓ ਬਖਯਾਨਾ॥
ਫਾਸਿ ਕਟੀ ਦਵੈਤ ਗੁਰ ਪੂਰੇ॥
ਬਾਜੇ ਸਬਦ ਅਨਾਹਦ ਤੂਰੇ॥
ਬਾਣੀ ਬ੍ਰਹਮ ਭਯੋ ਮੇਲਾ॥
ਭੋਗ ਦਵੈਤ ਹਉ ਸਦਾ ਅਕੇਲਾ॥
ਮਾਨ ਅਪਮਾਨ ਦੋਉ ਸਹ ਗਏ॥
ਜੋਊ ਥੇ ਸੋਉ ਪੁਨ ਭਏ॥

ਯਾ ਰਾ ਲਾ ਵਾ ਝਾ

ਯਾਂ ਕ੍ਰਿਆ ਕਉ ਸੋਊ ਪਛਾਨੈ॥
ਅਦਵੈਤ ਅਖੰਡ ਆਪਿ ਕਉ ਮਾਨੈ॥
ਰਵ ਰਹੇ ਸਭਿ ਮਹਿ ਪੁਰਖ ਅਲੇਖੰ॥
ਆਦਿ ਅਪਾਰ ਅਨਾਦ ਅਭੇਖੰ॥
ਝਾੜ ਮਿਟੀ ਆਤਮ ਦਰਸਾਨਾ॥
ਪ੍ਰਗਟੇ ਗਯਾਨ ਜੋਤਿ ਤਬ ਭਾਨਾ॥
ਲਿਵਲੀਨ ਭਏ ਆਤਮ ਮਧ ਐਸੇ॥
ਜਿਉਂ ਜਲ ਜਲਹਿ ਭੇਦ ਕਹੁ ਕੈਸੇ॥
ਵਾਸਦੇਵ ਬਿਨ ਅਵਰੁ ਨ ਕੋਊ॥
ਨਾਨਕ ਓਅੰ ਸੋਹੰ ਆਤਮ ਸੋਊ॥

ਅਗੇ ਦੁਰਗਾ ਮੰਤਰ ਪੈਂਤੀਸ ਅਖਰੀ
ਨਾਲ ਰਲਾਇ ਲਿਖਿਆ॥
ਓਅੰ ਹਰੀਅੰ ਸ੍ਰੀਅੰ ਕਰੀਅੰ
ਸੁੰਦਰੀ ਬਨਾਇ ਨਮਹ॥